ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ
(ਆਰ.ਆਰ. ਸ਼ਾਖਾ)

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼ ।
2. ਪੰਜਾਬ ਰਾਜ ਦੇ ਸਮੂਹ ਉਪ ਮੰਡਲ ਮੈਜਿਸਟਰੇਟ ।

ਮੀਮੋ ਨੰ:6/26/2002-ਰਹ-2/18617
ਚੰਡੀਗੜ੍ਹ, ਮਿਤੀ 17.11.2003

ਵਿਸ਼ਾ:- ਅੱਤਵਾਦੀਆਂ ਹੱਥੋਂ/ਦੰਗਿਆਂ ਵਿੱਚ ਮਾਰੇ ਗਏ ਵਿਅਕਤੀਆਂ ਦੇ ਯਤੀਮ ਬੱਚਿਆ ਦਾ ਗੁਜ਼ਾਰਾ ਭੱਤਾ 1000 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 2500/- ਰੁਪਏ ਪ੍ਰਤੀ ਮਹੀਨਾ ਦੇਣ ਬਾਰੇ ।

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਅੱਤਵਾਦੀਆਂ ਹੱਥੋਂ/1984 ਦੇ ਦੰਗਿਆਂ ਵਿੱਚ ਮਾਰੇ ਗਏ ਵਿਅਕਤੀਆਂ ਦੇ ਯਤੀਮ ਬੱਚਿਆਂ ਦਾ ਗੁਜ਼ਾਰਾ ਭੱਤਾ ਮਿਤੀ 1.6.2003 ਤੋਂ 1000/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 2500/- ਰੁਪਏ ਪ੍ਰਤੀ ਮਹੀਨਾ ਕਰਦੇ ਹਨ । ਇਹ ਗੁਜ਼ਾਰਾ ਭੱਤਾ ਬੱਚਿਆਂ ਨੂੰ (18 ਸਾਲ ਦੀ ਉਮਰ ਹੋਣ ਤੱਕ ਜਾਂ ਪੜ੍ਹਾਈ ਮੁਕੰਮਲ ਹੋਣ ਤੱਕ, ਜੋ ਵੀ ਪਹਿਲਾਂ ਹੋਵੇ) ਉਨ੍ਹਾਂ ਦੇ ਗਾਰਡੀਅਨ ਰਾਹੀਂ ਦਿੱਤਾ ਜਾਵੇਗਾ। ਜੇਕਰ ਇੱਕ ਪਰਿਵਾਰ ਦੇ ਯਤੀਮ ਬੱਚਿਆਂ ਦੀ ਗਿਣਤੀ ਇੱਕ ਤੋਂ ਵੱਧ ਹੈ, ਤਾਂ ਉਹਨਾਂ ਨੂੰ ਇਹ ਗੁਜ਼ਾਰਾ ਭੱਤਾ ਬਰਾਬਰ ਹਿੱਸਿਆਂ ਵਿੱਚ ਦਿੱਤਾ ਜਾਵੇਗਾ।

2. ਨਾਲ ਹੀ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਅੱਤਵਾਦ/ਦੰਗਿਆਂ ਤੋਂ ਪ੍ਰਭਾਵਿਤ ਵਿਧਵਾ, ਜੋ ਗੁਜ਼ਾਰਾ ਭੱਤਾ ਲੈ ਰਹੀ ਸੀ, ਦੀ ਮੌਤ ਹੋ ਜਾਂਦੀ ਹੈ ਤਾਂ ਮਾਤਾ ਦੀ/ਮ੍ਰਿਤੂ ਹੋਣ ਦੀ ਮਿਤੀ ਤੋਂ ਯਤੀਮ ਹੋਏ ਬੱਚੇ ਗੁਜ਼ਾਰਾ ਭੱਤਾ ਲੈਣ ਦੇ ਅਧਿਕਾਰਤ ਹੋਣਗੇ ਅਤੇ ਇਹ ਗੁਜ਼ਾਰਾ ਭੱਤਾ ਬੱਚਿਆਂ ਨੂੰ (18 ਸਾਲ ਦੀ ਉਮਰ ਹੋਣ ਤੱਕ ਜਾਂ ਪੜ੍ਹਾਈ ਮੁਕੰਮਲ ਹੋਣ ਤੱਕ, ਜੋ ਵੀ ਪਹਿਲਾਂ ਹੋਵੇ) ਉਨ੍ਹਾਂ ਦੇ ਗਾਰਡੀਅਨ ਰਾਹੀਂ ਦਿੱਤਾ ਜਾਵੇਗਾ।

3. ਹਰ ਇੱਕ ਕੇਸ ਦੀ ਵੈਰੀਫਿਕੇਸ਼ਨ ਮੁਕੰਮਲ ਕਰਨ ਉਪਰੰਤ ਅਦਾਇਗੀ ਕਰਨ ਦੇ ਸਮਰੱਥ ਅਧਿਕਾਰੀ ਸਬੰਧਤ ਉਪ ਮੰਡਲ ਮੈਜਿਸਟਰੇਟ ਹੀ ਹੋਣਗੇ।

4. ਇਹ ਖਰਚਾ ਮੁੱਖ ਮੱਦ"2235-ਸਮਾਜਿਕ ਸੁਰੱਖਿਆ ਅਤੇ ਭਲਾਈ-60 ਹੋਰ ਸਮਾਜਿਕ ਸੁਰੱਖਿਆ ਅਤੇ ਭਲਾਈ ਪਰੋਗਰਾਮ-ਹੋਰ ਪਰੋਗਰਾਮ-08 ਦੰਗਿਆਂ ਤੋਂ ਪ੍ਰਭਾਵਿਤ ਮੁਆਵਜ਼ਾ-50 ਹੋਰ ਖਰਚੇ" ਵਿਚੋਂ ਕੀਤਾ ਜਾਵੇਗਾ ।

5. ਇਹ ਪੱਤਰ ਮੰਤਰੀ ਪ੍ਰੀਸ਼ਦ ਦੀ ਮਿਤੀ 17.10.2003 ਨੂੰ ਹੋਈ ਮੀਟਿੰਗ ਵਿੱਚ ਹੋਈ ਪ੍ਰਵਾਨਗੀ ਅਤੇ ਵਿੱਤ ਵਿਭਾਗ ਵੱਲੋਂ ਅੰ:ਵਿ:ਪੱ: ਨੰ:16/133/2002-ਐਫ.ਈ.6/2970 ਮਿਤੀ 30.5.2003 ਰਾਹੀਂ ਦਿੱਤੀ ਸਹਿਮਤੀ ਦੇ ਆਧਾਰ ਤੇ ਜਾਰੀ ਕੀਤਾ ਜਾ ਰਿਹਾ ਹੈ ।

ਵਧੀਕ ਸਕੱਤਰ, ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ

ਪਿੱਠ ਅੰਕਣ ਨੰ:6/25/200-ਰਨ-2/13618 ਚੰਡੀਗੜ੍ਹ, ਮਿਤੀ 17.11.2003

ਉਤਾਰਾ ਮਹਾਂਲੇਖਾਕਾਰ ਪੰਜਾਬ(ਏ.ਈ) ਅਤੇ ਮਹਾਂਲੇਖਾਕਾਰ ਪੰਜਾਬ(ਆਡਿਟ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਸਕੱਤਰ, ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ ।

ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਨੂੰ ਉਨ੍ਹਾਂ ਦੇ ਅੰ:ਵਿ:ਪੱਤਰ ਨੰ:16/133/2002-2 ਐਫ.ਈ.6/2970 ਮਿਤੀ 30.5.2002 ਦੇ ਹਵਾਲੇ ਵਿੱਚ ਸੂਚਨਾਹਿੱਤ ਭੇਜਿਆ ਜਾਂਦਾ ਹੈ ।

ਵਧੀਕ ਸਕੱਤਰ ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ ।

ਸੇਵਾ ਵਿਖੇ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ(ਵਿੱਤ ਖਰਚਾ-6 ਸ਼ਾਖਾ)

ਅੰ:ਵਿ:ਪੱ: ਨੰ:6/26/2002-ਰਨ-2/18619 ਚੰਡੀਗੜ੍ਹ, ਮਿਤੀ 17.11.2003

ਉਤਾਰਾ ਆਮ ਰਾਜ ਪ੍ਰਬੰਧ ਵਿਭਾਗ, ਪੰਜਾਬ ਸਰਕਾਰ (ਮੰਤਰੀ ਮੰਡਲ ਮਾਮਲੇ ਸ਼ਾਖਾ) ਨੂੰ ਉਨ੍ਹਾਂ ਦੇ ਅੰ:ਵਿ:ਪੱ: ਨੰ:1/189/2003-1 ਕੈਬਨਿਟ/5308 ਮਿਤੀ 22.10.2003 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਸਕੱਤਰ ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ।

ਸੇਵਾ ਵਿਖੇ

ਆਮ ਰਾਜ ਪ੍ਰਬੰਧ ਵਿਭਾਗ, ਪੰਜਾਬ ਸਰਕਾਰ
(ਮੰਤਰੀ ਮੰਡਲ ਮਾਮਲੇ ਸ਼ਾਖਾ)

ਅੰ:ਵਿ:ਪੱ:ਨੰ:6/26/2002-ਰਨ-2/18620 ਚੰਡੀਗੜ੍ਹ, ਮਿਤੀ 17.11.2003